Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

# ਡੈੱਕ

**ਬਿਨੈਕਾਰ ਧਿਆਨ ਦੇਣ:** ਕਿਰਪਾ ਕਰਕੇ ਬਿਲਡਿੰਗ ਪਰਮਿਟ ਲਈ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ, ਇਹ ਨਿਰਧਾਰਤ ਕਰਨ ਲਈ ਬਿਲਡਿੰਗ ਡਿਵੀਜ਼ਨ (Building Division) ਦੇ ਜ਼ੋਨਿੰਗ ਪਲਾਨਸ ਐਗਜ਼ਮਾਈਨਰ (Zoning Plans Examiner) ਨੂੰ ਪੁੱਛੋ ਕਿ ਸਿਟੀ ਆਫ਼ ਬ੍ਰੈਂਪਟਨ, ਜ਼ੋਨਿੰਗ ਬਾਇ-ਲਾ (Zoning By-law) ਦੇ ਮੁਤਾਬਿਕ, ਪ੍ਰਾਪਰਟੀ ਤੇ ਪ੍ਰਸਤਾਵਿਤ ਡੈੱਕ ਦੀ ਇਜਾਜ਼ਤ ਹੈ ਜਾਂ ਨਹੀਂ।

## ਬਿਲਡਿੰਗ ਪਰਮਿਟ ਅਰਜ਼ੀ

ਅਰਜ਼ੀ ਜਮ੍ਹਾਂ ਕਰਨ ਵੇਲੇ ਹੇਠਾਂ ਲਿਖੀ ਜਾਣਕਾਰੀ ਲੋੜੀਂਦੀ ਹੈ। **ਅਧੂਰੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ।**

1. **ਬਿਲਡਿੰਗ ਪਰਮਿਟ ਲਈ ਪੂਰੀ ਕੀਤੀ ਅਰਜ਼ੀ ਵਿੱਚ ਇਹ ਸ਼ਾਮਲ ਹੁੰਦਾ ਹੈ:**
   - ਅਰਜ਼ੀ ਫਾਰਮ "ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ"
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ

2. ਅਸਲੀ ਆਕਾਰ ਵਾਸਤੇ ਯੋਜਨਾਵਾਂ ਦੀਆਂ **ਦੋ (2) ਕਾਪੀਆਂ**, ਜਿਹਨਾਂ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:
   - ਪ੍ਰਸਤਾਵਿਤ ਡੈੱਕ ਦਾ ਸਥਾਨ ਅਤੇ ਪਰਿਮਾਪ ਅਤੇ ਲੌਟ ਲਾਈਨ ਵਿੱਚ ਰੁਕਾਵਟਾਂ ਵਿਖਾਉਂਦੇ ਹੋਏ - ਸਾਈਟ ਯੋਜਨਾ ਅਤੇ ਕਨੂੰਨੀ ਪ੍ਰਾਪਰਟੀ ਸਰਵੇਖਣ। ਸਾਈਟ ਯੋਜਨਾ ਦੇ ਨਾਲ ਕਨੂੰਨੀ ਸਰਵੇਖਣ ਦੀ ਕਾਪੀ ਲਗਾਉਣੀ ਲਾਜ਼ਮੀ ਹੈ।
   - ਯੋਜਨਾ ਅਤੇ ਸੈਕਸ਼ਨ ਡ੍ਰਾਇੰਗਾਂ
     ਨੀਂਹ- ਥੰਮ੍ਹਾਂ ਦਾ ਸਥਾਨ, ਡੂੰਘਾਈ, ਆਕਾਰ ਅਤੇ ਖਾਲੀ ਥਾਂ ਦੱਸੋ
     ਫ੍ਰੇਮਿੰਗ
     - ਡੈੱਕ ਦੇ ਪਰਿਮਾਪ ਅਤੇ ਪੂਰੇ ਕੀਤੇ ਗ੍ਰੇਡ ਤੋਂ ਉੱਚਾਈ ਦੱਸੋ , ਬੀਮ ਦਾ ਮੈਟੀਰੀਅਲ, ਅਟੈਚਮੈਂਟ ਦਾ ਆਕਾਰ, ਸਥਾਨ, ਖਾਲੀ ਥਾਂ ਅਤੇ ਵਿਧੀ ਦੱਸੋ
     - ਛਤੀਰ ਦਾ ਮੈਟੀਰੀਅਲ, ਆਕਾਰ, ਖਾਲੀ ਥਾਂ ਅਤੇ ਪਰਿਮਾਪ (ਫੈਲਾਉ) ਦੱਸੋ
     - ਫਰਸ਼ (ਡੈੱਕਿੰਗ) ਦਾ ਮੈਟੀਰੀਅਲ ਅਤੇ ਆਕਾਰ ਦੱਸੋ
     - ਜੇਕਰ ਡੈੱਕ ਦਾ ਫਰਸ਼ ਪੂਰੇ ਕੀਤੇ ਗ੍ਰੇਡ ਤੋਂ 2'0" ਤੋਂ ਵੱਧ ਹੈ, ਤਾਂ ਗਾਰਡ (ਰੇਲ), ਪੌੜੀ ਅਤੇ ਪੌੜੀ ਫੜ੍ਹਨ ਦੇ ਡੰਡੇ ਦਾ ਪਰਿਮਾਪ, ਮੈਟੀਰੀਅਲ ਅਤੇ ਵੇਰਵਾ ਦੱਸੋ

3. $ 280.50 ਦੀ ਪਰਮਿਟ ਫੀਸ ਸਾਡੀ **ਸਟੈਂਡਰਡ 10 ਦਿਨਾਂ ਦੀ ਪਰਮਿਟ ਐਪਲੀਕੇਸ਼ਨ ਸਰਵਿਸ (Permit Application Service)** ਤੇ ਲਾਗੂ ਹੁੰਦੀ ਹੈ

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਜਿੱਥੇ ਪਰਮਿਟ, ਰਜਿਸਟਰਡ ਕੌਂਡੋਮਿਨਿਅਮ ਦੇ ਸਾਂਝੇ ਹਿੱਸੇ ਦੇ ਅੰਦਰ ਉਸਾਰੀ ਕਰਨ ਲਈ ਜਾਰੀ ਕੀਤਾ ਜਾਂਦਾ ਹੈ, ਉੱਥੇ ਬਿਲਡਿੰਗ ਜਾਂ ਪ੍ਰਾਪਰਟੀ ਦੇ ਸਾਂਝੇ ਹਿੱਸੇ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਇਜਾਜ਼ਤ ਵਾਸਤੇ, ਕੌਂਡੋਮਿਨਿਅਮ ਕਾਰਪੋਰੇਸ਼ਨ ਦੇ ਅਧਿਕਾਰਤ ਏਜੰਟ ਵੱਲੋਂ ਦਸਤਖ਼ਤ ਕੀਤਾ ਇੱਕ ਉਸਾਰੀ ਲਈ ਇਜਾਜ਼ਤ ਦਾ ਨੋਟਿਸ (Notice of Permission to Construct) ਫਾਰਮ ਜਮ੍ਹਾਂ ਕੀਤਾ ਜਾਵੇਗਾ।

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499